ਨਿਊਜ਼ ਰਿਲੀਜ਼

# ਪਰਿਵਾਰਾਂ ਅਤੇ ਵਿਦਿਆਰਥੀਆਂ ਵਾਸਤੇ ਚੋਣ ਕਰਨ ਲਈ ਵਧੇਰੇ ਸਕੂਲ

9 ਸਤੰਬਰ 2024 ਮੀਡੀਆ ਇੰਨਕੁਆਰੀਆਂ

## ਨਵੇਂ ਫਾਊਂਡੇਸ਼ਨਜ਼ ਫਾਰ ਦਿ ਫਿਊਚਰ ਚਾਰਟਰ ਅਕੈਡਮੀ ਹਾਈ ਸਕੂਲ ਦਾ ਖੁੱਲ੍ਹਣਾ ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਬੇਮਿਸਾਲ ਕਿਸਮ ਦੇ ਵਿਦਿਅਕ ਪ੍ਰੋਗਰਾਮਾਂ ਨਾਲ ਜੋੜੇਗਾ।

ਐਲਬਰਟਾ ਸਰਕਾਰ ਦਾ ਸਕੂਲ ਚੋਣਾ 'ਚ ਸਹਾਇਤਾ ਕਰਨ ਦਾ ਮਾਣਮੱਤਾ ਅਤੇ ਲੰਮਾ ਇਤਿਹਾਸ ਹੈ। ਐਲਬਰਟਾ ਕੈਨੇਡਾ ਵਿਚਲੇ ਕਿਸੇ ਵੀ ਹੋਰ ਸੂਬੇ ਨਾਲੋਂ ਵਿਦਿਆਰਥੀਆਂ ਨੂੰ ਵਧੇਰੇ ਚੋਣਾਂ ਪੇਸ਼ ਕਰਦਾ ਹੈ। ਇਨ੍ਹਾਂ ਵਿਚ ਪਬਲਿਕ, ਸੈਪਰੇਟ, ਫਰੈਂਕੋਫੋਨ, ਕਾਲਜੀਏਟ, ਇੰਡੀਪੈਂਡੈਂਟ ਸਕੂਲ, ਹੋਮ ਐਜੂਕੇਸ਼ਨ ਅਤੇ ਪਬਲਿਕ ਚਾਰਟਰ ਸਕੂਲ ਸ਼ਾਮਲ ਹਨ। ਸਰਕਾਰ ਵੱਲੋਂ ਇਹ ਸਹਾਇਤਾ ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਵਿਦਿਅਕ ਰਸਤਿਆਂ ਨਾਲ ਜੁੜਨ ਦੇ ਯੋਗ ਬਣਾਉਂਦੀ ਹੈ, ਜਿਹੜੇ ਸਭ ਤੋਂ ਚੰਗੇਰੀ ਤਰ੍ਹਾਂ ਵਿਦਿਆਰਥੀਆਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਸੰਪੂਰਨ ਸੰਭਾਵਨਾਵਾਂ ਤੱਕ ਪੁੱਜਣ 'ਚ ਮਦਦ ਕਰਦੇ ਹਨ। ਐਲਬਰਟਾ ਸਰਕਾਰ, ਵਿਦਿਅਕ ਸਿਸਟਮ ਵਿਚ ਪਬਲਿਕ ਚਾਰਟਰ ਸਕੂਲਾਂ ਦੀ ਗਿਣਤੀ ਵਧਾਉਣ ਦੁਆਰਾ ਸਕੂਲੀ ਚੋਣਾਂ ਨੂੰ ਵਧਾਉਣ ਲਈ ਪ੍ਰਤਿਬਧ ਹੈ।

ਵਿਦਿਆਰਥੀਆਂ ਅਤੇ ਪਰਿਵਾਰਾਂ ਵਾਸਤੇ ਸਕੂਲੀ ਚੋਣਾਂ ਵਧਾਉਣ ਲਈ ਐਲਬਰਟਾ ਸਰਕਾਰ ਵੱਲੋਂ ਸਹਾਇਤਾ ਦੁਆਰਾ ਨਾਰਥ ਕੈਲਗਰੀ 'ਚ ਹੁਣ ਨਵਾਂ ਫਾਊਂਡੇਸ਼ਨਜ਼ ਫਾਰ ਦਿ ਫਿਊਚਰ ਚਾਰਟਰ ਅਕੈਡਮੀ ਹਾਈ ਸਕੂਲ ਵਿਦਿਆਰਥੀਆਂ ਲਈ ਅਧਿਕਾਰਤ ਤੌਰ 'ਤੇ ਖੁੱਲ੍ਹ ਗਿਆ ਹੈ।

“ਨਾਰਥ ਕੈਲਗਰੀ 'ਚ ਨਵੇਂ ਫਾਊਂਡੇਸ਼ਨਜ਼ ਫਾਰ ਦਿ ਫਿਊਚਰ ਚਾਰਟਰ ਅਕੈਡਮੀ ਹਾਈ ਸਕੂਲ ਨੂੰ ਸਹਾਇਤਾ ਦੇਣ ਦੁਆਰਾ ਅਸੀਂ ਪਰਿਵਾਰਾਂ ਅਤੇ ਵਿਦਿਆਰਥੀਆਂ ਲਈ ਆਪਣੇ ਵਿਦਿਅਕ ਸਿਸਟਮ 'ਚ ਸਕੂਲੀ ਚੋਣਾਂ ਨੂੰ ਵਧਾਉਣ 'ਤੇ ਮਾਣ ਮਹਿਸੂਸ ਕਰਦੇ ਹਾਂ। ਵਿਦਿਅਕ ਪ੍ਰਬੰਧ 'ਚ ਚੋਣਾਂ 'ਚ ਵਿਸਤਾਰ ਕਰਨ ਦੁਆਰਾ ਅਸੀਂ ਵਿਦਿਆਰਥੀਆਂ ਨੂੰ ਉਨ੍ਹਾਂ ਬੇਮਿਸਾਲ ਕਿਸਮ ਦੇ ਵਿਦਿਅਕ ਰਸਤਿਆਂ ਨਾਲ ਜੋੜ ਰਹੇ ਹਾਂ ਜਿਹੜੇ ਉਨ੍ਹਾਂ ਦੀਆਂ ਲੋੜਾਂ ਮੁਤਾਬਿਕ ਫਿੱਟ ਬੈਠਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਮੁਕੰਮਲ ਸੰਭਾਵਨਾਵਾਂ ਤੱਕ ਪੁੱਜਣ 'ਚ ਸਹਾਇਤਾ ਕਰਨਗੇ।”

Classification: Public

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

“ਇਹ ਯਕੀਨੀ ਬਣਾਉਣਾ ਸਾਡੀ ਤਰਜ਼ੀਹ ਹੈ ਕਿ ਐਲਬਰਟਾ ਦੇ ਵਿਦਿਆਰਥੀਆਂਕੋਲ ਸਟੇਟ-ਆਫ-ਦਿ-ਆਰਟ ਫੈਸਿਲਿਟੀਆਂ ਤੱਕ ਪਹੁੰਚ ਮੌਜੂਦ ਹੋਵੇ, ਜਿੰਨ੍ਹਾਂ ਦੀ ਉਨ੍ਹਾਂ ਨੂੰ ਸਿੱਖਣ ਅਤੇ ਕਾਮਯਾਬ ਹੋਣ ਲਈ ਲੋੜ ਹੈ ਅਤੇ ਅਸੀਂ ਉਹ ਸਕੂਲ ਉਨ੍ਹਾਂ ਨੂੰ ਸਮੇਂ ਸਿਰ ਅਤੇ ਸਸਤੇ ਤਰੀਕੇ ਨਾਲ ਮੁਹੱਈਆ ਕਰਵਾਈਏ। ਸਕੂਲ ਪ੍ਰਾਜੈਕਟ ਜਿਵੇਂ ਕਿ ਇਹ, ਉਸਾਰੀ ਦੇ ਅਮਲ ਤੋਂ ਲੈ ਕੇ ਸਕੂਲ ਦੇ ਖੁੱਲ੍ਹਣ ਤੱਕ ਅਤੇ ਉਸ ਤੋਂ ਵੀ ਅਗਾਂਹ ਨੌਕਰੀਆਂ 'ਚ ਸਹਾਇਤਾ ਕਰਦੇ ਹਨ। ਅਸੀਂ ਸੂਬੇ ਭਰ 'ਚ ਨਵੇਂ ਅਤੇ ਨਵੀਨੀਕ੍ਰਿਤ ਵਿਦਿਅਕ ਸਥਾਨ ਉਸਾਰਨ ਦੁਆਰਾ ਵਧਦੀ ਮੰਗ ਨੂੰ ਲਗਾਤਾਰ ਪੂਰਿਆਂ ਕਰਨਾਂ ਜਾਰੀ ਰੱਖਾਂਗੇ।"

*Pete Guthrie, ਮਿਨਿਸਟਰ ਆਫ ਇੰਨਫ੍ਰਾਸਟ੍ਰੱਕਚਰ*

ਪਬਲਿਕ ਚਾਰਟਰ ਸਕੂਲ ਵਿਦਿਆਰਥੀਆਂ ਨੂੰ ਵਿਸ਼ੇਸ਼ੀਕ੍ਰਿਤ ਪ੍ਰੋਗਰਾਮਿੰਗ, ਇਕ ਨਿਵੇਕਲਾ ਅਧਿਆਪਨ ਢੰਗ ਜਾਂ ਵਿਦਿਅਕ ਫਲਸਫਾ ਪੇਸ਼ ਕਰਦੇ ਹਨ, ਜਿਹੜਾ ਉਸ ਖੇਤਰ ਦੇ ਕਿਸੇ ਹੋਰ ਸਕੂਲ ਦੁਆਰਾ ਪਹਿਲਾਂ ਨਹੀਂ ਪੇਸ਼ ਕੀਤਾ ਗਿਆ ਹੁੰਦਾ। ਪੜ੍ਹਾਉਂਣ ਦੇ ਸਿੱਧੇ/ਆਹਮੋ ਸਾਹਮਣੇ ਤਰੀਕੇ ਦੁਆਰਾ, ਫਾਊਂਡੇਸ਼ਨ ਫਾਰ ਦਿ ਫਿਊਚਰ ਚਾਰਟਰ ਅਕੈਡਮੀ ਆਪਣੇ ਵਿਦਿਆਰਥੀਆਂ ਲਈ ਉੱਤਮਤਾ, ਆਚਰਣ ਵਿਕਾਸ, ਡਿਜ਼ੀਟਲ ਸਿਟੀਜ਼ਨਸ਼ਿੱਪ, ਮਾਪਿਆਂ ਦੀ ਸ਼ਮੂਲੀਅਤ ਅਤੇ ਲੀਡਰਸ਼ਿੱਪ ਨੂੰ ਬੜ੍ਹਾਵਾ ਦਿੰਦੀ ਹੈ।

ਵਿਦਿਆਰਥੀਆਂ ਲਈ ਵਧੇਰੇ ਸਕੂਲੀ ਚੋਣਾਂ ਅਤੇ ਨਵੀਆਂ ਆਸਾਮੀਆਂ 'ਚ ਵਾਧਾ ਕਰਨ ਲਈ ਐਲਬਰਟਾ ਸਰਕਾਰ ਨੇ ਨਾਰਥ ਕੈਲਗਰੀ 'ਚ ਨਵੇਂ ਫਾਊਂਡੇਸ਼ਨ ਫਾਰ ਦਿ ਫਿਊਚਰ ਚਾਰਟਰ ਅਕੈਡਮੀ ਹਾਈ ਸਕੂਲ ਦੀ ਉਸਾਰੀ ਲਈ 43 ਮਿਲੀਅਨ ਡਾਲਰ ਤੋਂ ਵੱਧ ਦਾ ਪੂੰਜੀ-ਨਿਵੇਸ਼ ਕੀਤਾ ਹੈ। ਨਵੇਂ ਫਾਊਂਡੇਸ਼ਨ ਫਾਰ ਦਿ ਫਿਊਚਰ ਚਾਰਟਰ ਅਕੈਡਮੀ ਹਾਈ ਸਕੂਲ ਦੇ ਖੁੱਲ੍ਹਣ ਨਾਲ ਐਲਬਰਟਾ ਹੁਣ 39 ਫੈਸਿਲਿਟੀਆਂ 'ਚ ਚੱਲ ਰਹੀਆਂ 22 ਚਾਰਟਰ ਅਥਾਰਿਟੀਆਂ ਦਾ ਘਰ ਬਣ ਗਿਆ ਹੈ।

“ਐਲਬਰਟਾ ਦੇ ਪਰਿਵਾਰਾਂ ਨੂੰ ਸਕੂਲੀ ਚੋਣਾਂ ਪ੍ਰਦਾਨ ਕਰਨ ਦੇ ਇਕ ਸਾਧਨ ਵਜੋਂ ਪਬਲਿਕ ਚਾਰਟਰ ਸਕੂਲਾਂ ਨੂੰ ਸਰਕਾਰ ਵੱਲੋਂ ਸਹਾਇਤਾ ਦੇਣ ਦੀ ਅਸੀਂ ਸਹਾਰਨਾਂ ਕਰਦੇ ਹਾਂ। ਸਾਡੇ ਨਾਰਥ ਹਾਈ ਸਕੂਲ ਦੇ ਵਿਦਿਆਰਥੀ ਅਤੇ ਸਟਾਫ ਸਿੱਖਿਆ ਨੂੰ ਇਕ ਸੁਰੱਖਿਅਤ ਅਤੇ ਆਧੁਨਿਕ ਮਾਹੌਲ ਮੁਹੱਈਆ ਕਰਨ 'ਚ ਸਰਕਾਰ ਦੇ ਪੂੰਜੀ-ਨਿਵੇਸ਼ ਵਾਸਤੇ ਅਸੀਂ ਬਹੁਤ ਹੀ ਧੰਨਵਾਦੀ ਹਾਂ, ਜਿਸ ਨਾਲ ਆਉਂਣ ਵਾਲੇ ਦਹਾਕਿਆਂ ਤੱਕ ਸਾਡੀਆਂ ਵਿਦਿਅਕ ਲੋੜਾਂ ਪੂਰੀਆਂ ਹੋਣਗੀਆਂ।”

*Jenny Hill, ਬੋਰਡ ਚੇਅਰ, ਫਾਊਂਡੇਸ਼ਨਜ਼ ਫਾਰ ਦਿ ਫਿਊਚਰ ਚਾਰਟਰ ਅਕੈਡਮੀ*

ਸਕੂਲ ਚੋਣ 1970 ਤੋਂ ਲੈ ਕੇ ਐਲਬਰਟਾ ਦੇ ਵਿਦਿਅਕ ਸਿਸਟਮ ਦਾ ਭਾਗ ਬਣਿਆ ਰਿਹਾ ਹੈ, ਜਦੋਂ ਐਡਮਿੰਟਨ ਪਬਲਿਕ ਸਕੂਲਜ਼ ਨੇ ਪਹਿਲੀ ਵਾਰ ਆਪਣੀਆਂ ਹੱਦਾਂ ਨੂੰ ਖੋਲ੍ਹਿਆ, ਜਿਸ ਨਾਲ ਮਾਪੇ ਆਪਣੇ ਬੱਚਿਆਂ ਨੂੰ ਆਪਣੇ ਕੈਚਮੈਂਟ ਏਰੀਏ ਦੇ ਸਕੂਲ ਦੀ ਬਜਾਏ ਉਸ ਸਕੂਲ 'ਚ ਭੇਜ ਸਕਦੇ ਸਨ ਜਿਹੜਾ ਉਨ੍ਹਾਂ ਦੇ ਬੱਚੇ ਦੀਆਂ ਨਿਵੇਕਲੀਆਂ ਸਿੱਖਿਆ ਜ਼ਰੂਰਤਾਂ ਅਤੇ ਦਿਲਚਸਪੀਆਂ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਪੂਰੀਆਂ ਕਰਦਾ ਹੋਵੇ।

# ਫੌਰੀ ਤੱਥ

- ਬੱਜਟ-2024 ਕਾਲਜੀਏਟ ਅਤੇ ਪਬਲਿਕ ਸਕੂਲਾਂ ਦੀਆਂ ਇੰਨਫ੍ਰਾਸਟ੍ਰੱਕਚਰ ਜ਼ਰੂਰਤਾਂ 'ਚ ਸਹਾਇਤਾ ਕਰਨ ਵਾਸਤੇ 123 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰਦਾ ਹੈ।
- ਨਾਰਥ ਕੈਲਗਰੀ ਵਿਚਲਾ ਨਵਾਂ ਫਾਊਂਡੇਸ਼ਨਜ਼ ਫਾਰ ਦਿ ਫਿਊਚਰ ਚਾਰਟਰ ਅਕੈਡਮੀ ਹਾਈ ਸਕੂਲ ਕਿਸੇ ਚਾਰਟਰ ਸਕੂਲ ਲਈ ਕਦੇ ਵੀ ਨਵਾਂ ਉਸਰਨ ਵਾਲਾ ਪਹਿਲਾ ਕੈਪੀਟਲ ਪ੍ਰਾਜੈਕਟ ਹੈ।
- ਮਾਪਿਆਂ ਦੇ ਆਪਣੇ ਬੱਚਿਆਂ ਦੀ ਪੜ੍ਹਾਈ ਪ੍ਰਾਪਤੀ ਦੀ ਕਿਸਮ ਨੂੰ ਚੁਣ ਸਕਣ ਦੇ ਅਧਿਕਾਰ *ਚੁਆਇਸ ਇੰਨ ਐਜੂਕੇਸ਼ਨ ਐਕਟ* ਦੇ ਤਹਿਤ ਸੁਰੱਖਿਅਤ ਹਨ, ਜਿਹੜਾ ਪਬਲਿਕ, ਸੈਪਰੇਟ, ਫਰੈਂਕੋਫੋਨ, ਪ੍ਰਾਈਵੇਟ ਅਤੇ ਚਾਰਟਰ ਸਕੂਲਾਂ ਅਤੇ ਨਾਲ ਦੀ ਨਾਲ ਅਰਲੀ ਚਾਈਲਡਹੁੱਡ ਸਰਵਿਸਿਜ਼ ਅਤੇ ਹੋਮ ਐਜੂਕੇਸ਼ਨ ਪ੍ਰੋਗਰਾਮਾਂ ਨੂੰ ਸਾਡੇ ਵਿਦਿਅਕ ਸਿਸਟਮ ਦੇ ਇਕ ਮੁੱਲਵਾਨ ਅਤੇ ਅਨਿੱਖਵੇਂ ਭਾਗ ਵਜੋਂ ਮਾਨਤਾ ਦਿੰਦਾ ਹੈ।

## ਮੀਡੀਆਂ ਇੰਨਕੁਆਰੀਆਂ


### Kevin Lee

587-427-5010
ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ